Delete and use school letterhead

Delete and type date

Delete and type parent/carer name and address

**ਅਗਲੇ ਸਾਲ ਯੀਅਰ 7 ਵਿੱਚ ਪਲੇਸਮੈਂਟ**

**PLACEMENT IN YEAR 7 NEXT YEAR**

ਵਿਦਿਆਰਥੀ ਦਾ ਨਾਮ: Delete and type name of student

Year 7 ਵਿੱਚ ਦਾਖਲੇ ਦਾ ਸਾਲ: Delete and type calendar year for placement in Year 7

*ਦਾਖਲੇ ਲਈ ਅਰਜੀ* ਦੀ ਵਾਪਸੀ ਦੀ ਤਾਰੀਖ: Delete and type date for return of Application to enrol

ਮਦਦ ਦੀ ਲੋੜ ਪੈਣ ਤੇ ਸਕੂਲ ਦਾ ਟੈਲੀਫੋਨ ਨੰਬਰ: Delete and type school telephone number

ਪਿਆਰੇ ਮਾਪਿਓ/ਸੰਭਾਲਕੋ

ਆਪਣੇ ਬੱਚੇ, ਜਿਸ ਦਾ ਨਾਮ ਉਪਰ ਲਿਖਿਆ ਹੈ, ਦੀ ਇਸ ਸਕੂਲ ਦੇ Year 7 ਵਿੱਚ ਪਲੇਸਮੈਂਟ ਹਿਤ ਆਪਣੀ ਦਿਲਚਸਪੀ ਦੇ ਪ੍ਰਗਟਾਵੇ ਲਈ ਤੁਹਾਡਾ ਧੰਨਵਾਦ।

ਤੁਹਾਡੀ ਦਿਲਚਸਪੀ ਦੇ ਪ੍ਰਗਟਾਵੇ ਅਨੁਸਾਰ, ਅਸੀਂ ਅਗਲੇ ਸਾਲ ਲਈ ਆਪਣੀ ਐਨਰੋਲਮੈਂਟ ਸੂਚੀ ਉਤੇ ਤੁਹਾਡੇ ਬੱਚੇ ਦੀ ਪ੍ਰਸਤਾਵਿਤ ਪਲੇਸਮੈਂਟ ਲਈ ਸ਼ਨਾਖ਼ਤ ਕਰ ਲਈ ਹੈ। ਜਿਵੇਂ ਕਿ ਤੁਸੀਂ ਜਾਗਰੂਕ ਹੋਵੋਗੇ, ਜਦੋਂ ਤੱਕ ਕਿ ਐਨਰੋਲ ਕਰਵਾਉਣ ਲਈ ਇੱਕ ਮੁਕੰਮਲ ਅਰਜ਼ੀ ਸਕੂਲ ਵੱਲੋਂ ਪ੍ਰਵਾਨ ਨਹੀਂ ਕਰ ਲਈ ਜਾਂਦੀ, ਤਦ ਤੱਕ ਤੁਹਾਡੇ ਬੱਚੇ ਦੀ ਐਨਰੋਲਮੈਂਟ ਨੂੰ ਅੰਤਮ ਰੂਪ ਨਹੀਂ ਦਿੱਤਾ ਜਾ ਸਕਦਾ।

ਜੇ ਤੁਸੀਂ ਇੱਕ ਰਸਮੀ ਅਰਜ਼ੀ ਨਾਲ ਐਨਰੋਲ ਕਰਵਾਉਣ ਦੇ ਚਾਹਵਾਨ ਹੋ, ਤਾਂ ਕ੍ਰਿਪਾ ਕਰਕੇ ਨਾਲ ਨੱਥੀ *ਨਿਊ ਸਾਊਥ ਵੇਲਜ਼ ਦੇ ਸਰਕਾਰੀ ਸਕੂਲ ਵਿੱਚ ਐਨਰੋਲ ਕਰਵਾਉਣ ਲਈ ਅਰਜ਼ੀ (Application to enrol in a NSW government school)* **ਅੰਗਰੇਜ਼ੀ ਵਿੱਚ** ਪੂਰੀ ਤਰ੍ਹਾਂ ਭਰੋ ਅਤੇ ਇਹ ਫਾਰਮ ਮੈਨੂੰ ਉਪਰੋਕਤ ਦਰਸਾਈ ਤਾਰੀਖ ਤੱਕ ਵਾਪਸ ਭੇਜ ਦਿਓ।

ਕ੍ਰਿਪਾ ਕਰਕੇ ਨੋਟ ਕਰੋ:

- ਤੁਹਾਡੇ ਪੇਸ਼ੇ ਤੇ ਸਿੱਖਿਆ ਨੂੰ ਛੱਡ ਕੇ ਅਰਜ਼ੀ ਫ਼ਾਰਮ ਉਤੇ ਦਰਜ ਸਾਰੇ ਸੁਆਲਾਂ ਦੇ ਜੁਆਬ ਦੇਣੇ ਤੁਹਾਡੇ ਲਈ ਲਾਜ਼ਮੀ ਹਨ
- ਜੇ ਸਾਨੂੰ ਉਪਰੋਕਤ ਦਰਸਾਈ ਤਾਰੀਖ਼ ਤੱਕ ਐਨਰੋਲ ਕਰਵਾਉਣ ਲਈ ਤੁਹਾਡੀ ਅਰਜ਼ੀ ਹਾਸਲ ਨਹੀਂ ਹੁੰਦੀ ਤਾਂ ਅਸੀਂ ਇਹ ਸਮਝਾਂਗੇ ਕਿ ਤੁਹਾਡੀ ਹੁਣ ਇਸ ਮਾਮਲੇ ਵਿੱਚ ਕੋਈ ਦਿਲਚਸਪੀ ਨਹੀਂ ਹੈ ਅਤੇ ਹੋਰਨਾਂ ਵਿਦਿਆਰਥੀਆਂ ਨੂੰ ਅਰਜ਼ੀ ਦੇਣ ਦਾ ਸੱਦਾ ਦੇ ਦਿੱਤਾ ਜਾਵੇਗਾ।
- ਜੇ ਤੁਸੀਂ ਇਹ ਅਰਜ਼ੀ ਜਮ੍ਹਾ ਕਰਵਾ ਦਿੰਦੇ ਹੋ ਪਰ ਬਾਅਦ ਵਿੱਚ ਆਪਣਾ ਮਨ ਬਦਲ ਲੈਂਦੇ ਹੋ, ਜਾਂ ਤੁਹਾਡੇ ਹਾਲਾਤ ਬਦਲ ਜਾਂਦੇ ਹਨ ਅਤੇ ਤੁਸੀਂ ਐਨਰੋਲਮੈਂਟ ਕਰਵਾਉਣ ਦੇ ਚਾਹਵਾਨ ਨਹੀਂ ਰਹਿੰਦੇ, ਤਾਂ ਕ੍ਰਿਪਾ ਕਰਕੇ ਜਿੰਨੀ ਛੇਤੀ ਹੋ ਸਕੇ ਸਕੂਲ ਨਾਲ ਸੰਪਰਕ ਕਰੋ ਤਾਂ ਜੋ ਅਸੀਂ ਆਪਣੀ ਉਡੀਕ ਸੂਚੀ (ਵੇਟਿੰਗ ਲਿਸਟ) ਉਤੇ ਮੌਜੂਦ ਹੋਰਨਾਂ ਵਿਦਿਆਰਥੀਆਂ ਨਾਲ ਸੰਪਰਕ ਕਰ ਸਕੀਏ।

ਤੁਹਾਡੀ ਅਰਜ਼ੀ ਉਤੇ ਤਰਜੀਹਪੂਰਨ ਮਾਮਲੇ ਵਜੋਂ ਵਿਚਾਰ ਕੀਤਾ ਜਾਵੇਗਾ ਅਤੇ ਉਸ ਨੂੰ ਪ੍ਰਕਿਰਿਆ ਵਿੱਚ ਲਿਆਂਦਾ ਜਾਵੇਗਾ। ਜੇ ਇਸ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ, ਤਾਂ ਐਨਰੋਲਮੈਂਟ ਦੀ ਅਧਿਕਾਰਤ ਪੁਸ਼ਟੀ ਤੁਹਾਨੂੰ ਭੇਜ ਦਿੱਤੀ ਜਾਵੇਗੀ। ਕੁੱਝ ਹਾਲਾਤਾਂ ਵਿੱਚ, ਸਾਨੂੰ ਤੁਹਾਡੀ ਅਰਜ਼ੀ ਉਤੇ ਤੁਹਾਡੇ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਕਿਸੇ ਪੱਖ ਬਾਰੇ ਕੋਈ ਪੁੱਛਗਿੱਛ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਜੇ ਅਜਿਹੀ ਕੋਈ ਗੱਲ ਹੋਵੇਗੀ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ।

ਜੇ ਤੁਹਾਨੂੰ *Application to enrol in a NSW government school* ਫ਼ਾਰਮ ਭਰਨ ਲਈ ਮਦਦ ਲੋੜੀਂਦੀ ਹੈ ਤਾਂ ਕ੍ਰਿਪਾ ਕਰਕੇ ਆਪਣੇ ਸਥਾਨਕ ਪ੍ਰਾਇਮਰੀ ਸਕੂਲ ਨਾਲ ਸੰਪਰਕ ਕਰੋ, ਜਾਂ ਸਾਡੇ ਹਾਈ ਸਕੂਲ ਦੇ ਕਿਸੇ ਸਟਾਫ਼ ਮੈਂਬਰ ਨਾਲ ਗੱਲ ਕਰਨ ਹਿਤ ਸਮਾਂ ਲੈਣ ਲਈ ਸਾਨੂੰ ਫ਼ੋਨ ਕਰੋ। ਜੇ ਤੁਹਾਨੂੰ ਆਪਣੀ ਸਹਾਇਤਾ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਤੁਸੀਂ ਟੈਲੀਫ਼ੋਨ ਨੰਬਰ 131 450 ਤੇ ਟੈਲੀਫ਼ੋਨ ਇੰਟਰਪ੍ਰੇਟਰ ਸਰਵਿਸ ਨੂੰ ਫੋਨ ਕਰਕੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਦੁਭਾਸ਼ੀਆ ਸਕੂਲ ਨੂੰ ਫੋਨ ਕਰੇਗਾ ਅਤੇ ਤੁਹਾਡੀ ਗੱਲਬਾਤ ਦੌਰਾਨ ਤੁਹਾਡੀ ਸਹਾਇਤਾ ਲਈ ਲਾਈਨ ਤੇ ਰਹੇਗਾ। ਇਸ ਸਰਵਿਸ ਲਈ ਤੁਹਾਡੇ ਤੋਂ ਕੋਈ ਰਕਮ ਨਹੀਂ ਵਸੂਲ ਕੀਤੀ ਜਾਵੇਗੀ।

ਤੁਹਾਡੇ ਵਲੋਂ ਦਿਤੀ ਗਈ ਸਹਾਇਤਾ ਲਈ ਧੰਨਵਾਦ।

ਤੁਹਾਡਾ ਸ਼ੁਭ ਚਿੰਤਕ

ਪ੍ਰਿੰਸੀਪਲ
Principal